NZ ਤਸਵੀਰ NEWS
ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community

NZ ਤਸਵੀਰ NEWS

www.nztasveernews.co.nz || ਪੰਜਾਬੀ ਅਖ਼ਬਾਰ || NZ Tasveer News




10 DECEMBER 2019 Daily, editornztasveer@gmail.com designnztasveer@gmail.com Ph/Fax: 09 390 4644

# ਨਿਊਜ਼ੀਲੈਂਡ 'ਚ ਜਵਾਲਾਮੁਖੀ ਧਮਾਕੇ ਕਾਰਨ 20 ਲੋਕ ਜ਼ਖਮੀ

ਵੈਲਿੰਗਟਨ : ਨਿਊਜ਼ੀਲੈਂਡ ਦੇ ਜਵਾਲਾਮੁਖੀ ਦੇ ਲਿਹਾਜ ਨਾਲ ਸੰਵੇਦਨਸ਼ੀਲ ਟਾਪੂ ਵ੍ਹਾਈਟ ਆਕਲੈਂਡ 'ਤੇ ਸੋਮਵਾਰ ਨੂੰ ਅਚਾਨਕ ਜਵਾਲਾਮੁਖੀ ਫੱਟ ਗਿਆ।ਧਮਾਕੇ ਕਾਰਨ ਘੱਟੋ-ਘੱਟ 20 ਲੋਕ ਜ਼ਖਮੀ ਹੋ ਗਏ ਅਤੇ ਕਈ ਹੋਰ ਦੇ ਫਸੇ ਹੋਣ ਦਾ ਖਦਸ਼ਾ ਹੈ। ਇਸ ਨਾਲ ਉਹਨਾਂ ਸੈਲਾਨੀਆਂ ਵਿਚ ਡਰ ਪੈਦਾ ਹੋ ਗਿਆ, ਜੋ ਕੁਝ ਸਮਾਂ ਪਹਿਲਾਂ ਹੀ ਉਸ ਸਥਾਨ ਤੋਂ ਲੰਘੇ ਸਨ। ਦੇਸ਼ ਦੀ ਰਾਸ਼ਟਰੀ ਆਫਤ ਪ੍ਰਬੰਧਨ ਏਜੰਸੀ ਨੇ ਕਿਹਾ,"ਵ੍ਹਾਈਟ ਆਕਲੈਂਡ ਵਿਚ ਮੱਧਮ ਦਰਜੇ ਦਾ ਜਵਾਲਾਮੁਖੀ ਧਮਾਕਾ ਹੋਇਆ ਅਤੇ ਇਹ ਆਲੇ-ਦੁਆਲੇ ਦੇ ਖੇਤਰ ਲਈ ਹਾਨੀਕਾਰਕ ਹੈ।" ਪੁਲਸ ਨੇ ਇਕ ਬਿਆਨ ਵਿਚ ਕਿਹਾ,"ਸ਼ੁਰੂ ਵਿਚ ਮੰਨਿਆ ਜਾਂਦਾ ਸੀ ਕਿ ਧਮਾਕੇ ਦੇ ਸਮੇਂ ਟਾਪੂ 'ਤੇ ਤਕਰੀਬਨ 100 ਦੇ ਕਰੀਬ ਲੋਕ ਸਨ। ਹੁਣ ਅਸੀਂ ਮੰਨਦੇ ਹਾਂ ਕਿ ਕਰੀਬ 50 ਤੋਂ ਘੱਟ ਲੋਕ ਸਨ।" ਉਹਨਾਂ ਵਿਚੋਂ ਕੁਝ ਨੂੰ ਕਿਨਾਰੇ 'ਤੇ ਲਿਜਾਇਆ ਗਿਆ ਹੈ ਭਾਵੇਂਕਿ ਟਾਪੂ 'ਤੇ ਵੱਡੀ ਗਿਣਤੀ ਵਿਚ ਸੈਲਾਨੀ ਮੌਜੂਦ ਸਨ। ਜਵਾਲਾਮੁਖੀ ਸਥਲ ਤੋਂ ਸਿੱਧਾ ਪ੍ਰਸਾਰਣ ਕਰ ਰਹੇ ਕੈਮਰਿਆਂ ਵਿਚ ਦਿਖਾਇਆ ਗਿਆ ਹੈ ਕਿ ਸਥਾਨਕ ਸਮੇਂ ਮੁਤਾਬਕ ਦੁਪਿਹਰ 2:10 ਮਿੰਟ 'ਤੇ ਜਵਾਲਾਮੁਖੀ ਸਥਲ 'ਤੇ 6 ਤੋਂ ਵੱਧ ਲੋਕ ਚੱਲ ਰਹੇ ਹਨ ਅਤੇ ਇਸ ਦੇ ਕੁਝ ਮਿੰਟ ਬਾਅਦ ਧਮਾਕੇ ਦੇ ਬਾਅਦ ਤਸਵੀਰਾਂ ਕਾਲੀਆਂ ਹੋ ਗਈਆਂ। ਸਥਾਨਕ ਮੇਅਰ ਨੇ ਕਿਹਾ ਕਿ ਉਹਨਾਂ ਨੂੰ ਇਸ ਘਟਨਾ ਵਿਚ ਕਈ ਲੋਕਾਂ ਨੂੰ ਸੱਟ ਲੱਗਣ ਦਾ ਖਦਸ਼ਾ ਹੈ।



# ਨਿਊਜ਼ੀਲੈਂਡ 'ਚ ਨਵੰਬਰ ਦਾ ਮਹੀਨਾ ਪਿਛਲੇ 30 ਸਾਲਾ ਦੌਰਾਨ ਸਭ ਤੋਂ ਗਰਮ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਨਿਊਜ਼ੀਲੈਂਡ ਦਾ ਸਭ ਤੋਂ ਗਰਮ ਨਵੰਬਰ ਸੀ, ਐਨ ਆਈ ਡਬਲਯੂ ਏ ਦੇ ਮੌਸਮ ਵਿਗਿਆਨੀਆਂ ਨੇ ਇਸ ਗੱਲ ਦਾ ਖੁਲਾਸਾ ਕੀਤਾ ਹੈ। ਐਨ ਆਈ ਡਬਲਯੂ ਏ ਦੀ ਸੱਤ-ਸਟੇਸ਼ਨਾਂ ਦੇ ਅੰਕੜਿਆਂ ਅਨੁਸਾਰ 30 ਸਾਲ ਦੇ ਦੌਰਾਨ ਨਿਊਜੀਲੈਂਡ 'ਚ ਨਵੰਬਰ ਦਾ ਮਹੀਨਾ ਸਭ ਤੋਂ ਗਰਮ ਦਰਜ ਕੀਤਾ ਗਿਆ ਹੈ। 3 ਨਵੰਬਰ ਤੋਂ ਲਗਾਤਾਰ ਤਿੰਨ ਸਭ ਤੋਂ ਗਰਮ ਦਿਨ ਰਿਕਾਰਡ 34.6 ਡਿਗਰੀ ਨੇ ਰਿਕਾਰਡ ਤੋੜ ਦਿੱਤਾ। ਐਨ ਆਈ ਡਬਲਯੂ ਏ ਦਾ ਕਹਿਣਾ ਹੈ ਕਿ ਇਹ ਸਾਲ 2016, 1999 ਅਤੇ 1998 ਤੋਂ ਬਾਅਦ ਨਿਊਜੀਲੈਂਡ 'ਚ ਇਹ ਸਾਲ ਸਭ ਤੋਂ ਗਰਮ ਹੁੰਦਾ ਜਾ ਰਿਹਾ ਹੈ।

## ਆਦਮੀ 'ਤੇ ਵੈਸਟ ਕੋਸਟ ਦੀ ਔਰਤ ਦੀ ਹੱਤਿਆ ਦਾ ਦੋਸ਼ ਲੱਗਿਆ

ਇਕ ਵਿਅਕਤੀ 'ਤੇ ਪੱਛਮੀ ਤੱਟ ਦੀ ਇਕ ਔਰਤ ਦੀ ਹੱਤਿਆ ਦਾ ਇਲਜ਼ਾਮ ਲਗਾਇਆ ਗਿਆ ਹੈ ਜਿਸਦੀ ਲਾਸ਼ ਕੱਲ੍ਹ ਇਕ ਕਾਰ ਵਿਚੋਂ ਮਿਲੀ ਸੀ।ਪੁਲਿਸ ਨੇ ਕੱਲ ਦੁਪਹਿਰ, ਗ੍ਰੇਮੂਥ ਦੇ Notown ਰੋਡ 'ਤੇ, 41 ਸਾਲਾ ਬਾਰਬਰਾ ਐਨ ਕੁਇਨ ਦੀ ਲਾਸ਼ ਨੂੰ ਲੱਭਿਆ। ਨੇੜੇ ਹੀ ਇਕ 36 ਸਾਲਾ ਵਿਅਕਤੀ ਵੀ ਦਰਮਿਆਨੀ ਸੱਟਾਂ ਨਾਲ ਮਿਲਿਆ ਸੀ। ਹੁਣ ਉਸ 'ਤੇ ਕਤਲ ਦੇ ਨਾਲ-ਨਾਲ ਹਮਲੇ ਦਾ ਵੀ ਦੋਸ਼ ਲਗਾਇਆ ਗਿਆ ਹੈ ਅਤੇ ਉਸਨੂੰ ਕੱਲ੍ਹ ਕ੍ਰਾਈਸਟਚਰਚ ਜ਼ਿਲ੍ਹਾ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ। ਅੱਜ ਪੋਸਟ ਮਾਰਟਮ ਹੋਣ 'ਤੇ ਅਧਿਕਾਰਤ ਪਹਿਚਾਣ ਕੱਲ ਜਨਤਕ ਕੀਤੀ ਜਾਵੇਗੀ।

## ਭਾਰਤ ਨੇ ਤਿੰਨ ਦੇਸ਼ਾਂ ਦੇ ਮਹਿਲਾ ਜੂਨੀਅਰ ਹਾਕੀ ਟੂਰਨਾਮੈਂਟ 'ਚ ਨਿਊਜ਼ੀਲੈਂਡ ਨੂੰ ਹਰਾਇਆ

ਕੈਨਬਰਾ— ਸ਼ਰਮਿਲਾ ਦੇਵੀ ਦੇ ਦੋ ਗੋਲ ਦੀ ਮਦਦ ਨਾਲ ਭਾਰਤੀ ਜੂਨੀਅਰ ਮਹਿਲਾ ਹਾਕੀ ਟੀਮ ਨੇ ਤਿੰਨ ਦੇਸ਼ਾਂ ਦੇ ਟੂਰਨਾਮੈਂਟ 'ਚ ਆਪਣੇ ਤੀਜੇ ਮੈਚ 'ਚ ਨਿਊਜ਼ੀਲੈਂਡ ਨੂੰ 4-1 ਨਾਲ ਹਰਾਇਆ। ਨਿਊਜ਼ੀਲੈਂਡ ਲਈ ਓਲੀਵੀਆ ਸ਼ੇਨੋਨ ਨੇ ਚੌਥੇ ਮਿੰਟ 'ਚ ਹੀ ਗੋਲ ਦਾਗ ਦਿੱਤਾ। ਸ਼ਰਮਿਲਾ ਨੇ 12ਵੇਂ ਅਤੇ 43ਵੇਂ ਮਿੰਟ 'ਚ ਗੋਲ ਕੀਤੇ ਜਦਕਿ ਬਿਊਟੀ ਹੁੰਗਡੂੰਗ ਨੇ 27ਵੇਂ ਅਤੇ ਲਾਲਰਿੰਡੀਕੀ ਨੇ 48ਵੇਂ ਮਿੰਟ 'ਚ ਗੋਲ ਦਾਗੇ। ਭਾਰਤ ਨੇ ਚੌਥੇ ਹੀ ਮਿੰਟ 'ਚ ਪੈਨਲਟੀ ਕਾਰਨਰ ਗੁਆਇਆ ਜਿਸ 'ਤੇ ਨਿਊਜ਼ੀਲੈਂਡ ਲਈ ਓਲੀਵੀਆ ਨੇ ਗੋਲ ਕੀਤਾ।

ਭਾਰਤ ਨੇ ਪਹਿਲੇ ਹੀ ਓਵਰ 'ਚ ਵਾਪਸੀ ਕੀਤੀ ਅਤੇ ਸ਼ਰਮਿਲਾ ਦੇ ਗੋਲ ਦੇ ਦਮ 'ਤੇ ਬਰਾਬਰੀ ਕਰ ਲਈ। ਦੂਜੇ ਕੁਆਰਟਰ 'ਚ ਦੋਵੇਂ ਟੀਮਾਂ ਨੂੰ ਕਈ ਮੌਕੇ ਮਿਲੇ ਪਰ ਕੋਈ ਵੀ ਟੀਮ ਇਸ ਦਾ ਲਾਹਾ ਨਾ ਲੈ ਸਕੀ। ਭਾਰਤ ਨੇ 27ਵੇਂ ਮਿੰਟ 'ਚ ਪੈਨਲਟੀ ਕਾਰਨਰ 'ਤੇ ਗੋਲ ਕੀਤਾ। ਭਾਰਤੀ ਫਾਰਵਰਡ ਬਿਊਟੀ ਨੇ ਇਹ ਗੋਲ ਕਰਕੇ ਟੀਮ ਨੂੰ ਬੜ੍ਹਤ ਦਿਵਾਈ। ਦੂਜੇ ਪਾਸੇ ਭਾਰਤ ਦੀ ਬਿਚੂ ਦੇਵੀ ਖਾਰੀਬਮ ਨੇ ਕੀਵੀ ਹਮਲਿਆਂ ਨੂੰ ਅਸਫਲ ਕਰ ਦਿੱਤਾ। ਤੀਜੇ ਕੁਆਰਟਰ 'ਚ ਭਾਰਤ ਲਈ ਸ਼ਰਮਿਲਾ ਨੇ ਦੂਜਾ ਗੋਲ ਕੀਤਾ ਅਤੇ 48ਵੇਂ ਮਿੰਟ 'ਚ ਮਿਲੇ ਪੈਨਲਟੀ ਕਾਰਨਰ ਨੂੰ ਗੋਲ 'ਚ ਬਦਲ ਕੇ ਭਾਰਤ ਦਾ ਵਾਧਾ 4-1 ਕਰ ਲਿਆ ਜੋ ਅਖੀਰ ਤਕ ਕਾਇਮ ਰਿਹਾ। ਹੁਣ ਭਾਰਤ ਟੀਮ ਐਤਵਾਰ ਨੂੰ ਆਸਟਰੇਲੀਆ ਨਾਲ ਚੌਥਾ ਅਤੇ ਆਖਰੀ ਮੈਚ ਖੇਡੇਗੀ।

## ਆਕਲੈਂਡ ਬੱਸ ਡਰਾਈਵਰਾਂ ਦੀ ਹੜਤਾਲ ਜਾਰੀ, ਯਾਤਰੀ ਰਹਿਣਗੇ ਪ੍ਰੇਸ਼ਾਨ




ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਆਕਲੈਂਡ ਦੇ ਹਜ਼ਾਰਾਂ ਯਾਤਰੀ ਕੱਲ੍ਹ ਤੋਂ ਫਿਰ ਪ੍ਰਭਾਵਤ ਹੋਣਗੇ, ਬੱਸ ਡਰਾਈਵਰ ਯੂਨੀਅਨ ਅਤੇ ਉਨ੍ਹਾਂ ਦੇ ਮਾਲਕਾਂ ਵਿਚਕਾਰ ਤਾਜ਼ਾ ਗੱਲਬਾਤ ਕਿਸੇ ਸਮਝੌਤੇ 'ਤੇ ਪਹੁੰਚਣ ਵਿਚ ਅਸਫਲ ਰਹੀ ਹੈ। ਨਿਊਜੀਲੈਂਡ ਬੱਸਾਂ ਲਈ ਕੰਮ ਕਰ ਰਹੇ ਡਰਾਈਵਰ ਵਧੇਰੇ ਤਨਖਾਹ ਅਤੇ ਵਧੀਆ ਕੰਮਕਾਜੀ ਹਾਲਤਾਂ ਦੀ ਮੰਗ ਕਰ ਰਹੇ ਹਨ। ਫਸਟ ਯੂਨੀਅਨ ਸਾਰਾ ਦਿਨ ਗੱਲਬਾਤ ਵਿਚ ਰਹੀ ਸੀ, ਪਿਛਲੀ ਰਾਤ ਗਿਆਰ੍ਹਾਂ ਘੰਟੇ ਦੀ ਮੀਟਿੰਗ ਤੋਂ ਬਾਅਦ ਕਿਸੇ ਵੀ ਸਿੱਟੇ 'ਤੇ ਪਹੁੰਚਣ ਵਿਚ ਅਸਫਲ ਰਹੀ।

# ਸੈਂਟਰਲ ਗੁਰਦੁਆਰਾ ਸਿੰਘ ਸਭਾ ਗਲਾਸਗੋ ਵਿਖੇ ਦੋ ਰੋਜ਼ਾ ਸਮਾਗਮਾਂ ਵਿੱਚ ਸਿੱਖੀ ਕੈਂਪ ਤੇ ਸਨਮਾਨ ਸਮਾਰੋਹ ਦਾ ਆਯੋਜਨ

### -ਪੰਜਾਬੀ ਅਕਾਦਮੀ ਸਕੂਲ ਦੇ ਸਾਲਾਨਾ ਇਮਤਿਹਾਨ ਪਾਸ ਕਰਨ ਵਾਲੇ ਬੱਚਿਆਂ ਦਾ ਸਨਮਾਨ



ਲੰਡਨ/ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ) ਸਕਾਟਲੈਂਡ ਦੇ ਸਭ ਤੋਂ ਵੱਡੇ ਗੁਰਦੁਆਰਾ ਸਾਹਿਬ ਵਜੋਂ ਪ੍ਰਚਾਰਿਤ ਸੈਂਟਰਲ ਗੁਰਦੁਆਰਾ ਸਿੰਘ ਸਭਾ ਗਲਾਸਗੋ ਵਿਖੇ ਬੱਚਿਆਂ ਨੂੰ ਪੰਜਾਬੀਅਤ ਨਾਲ ਜੋੜੀ ਰੱਖਣ ਲਈ ਗਤੀਵਿਧੀਆਂ ਅਕਸਰ ਹੀ ਹੁੰਦੀਆਂ ਰਹਿੰਦੀਆਂ ਹਨ। ਸਫ਼ਲਤਾ ਪੂਰਵਕ ਨੇਪਰੇ ਚੜ੍ਹੇ ਦੋ ਰੋਜ਼ਾ ਸਮਾਗਮਾਂ ਦੇ ਪਹਿਲੇ ਦਿਨ ਸਿੱਖੀ ਟੂ ਇਨਸਪਾਇਰ ਸੰਸਥਾ ਵੱਲੋਂ ਗਿਆਨੀ ਸੁਖਰਾਜ ਸਿੰਘ ਵੱਲੋਂ ਸ਼ਿਰਕਤ ਕੀਤੀ ਗਈ। 130 ਦੇ ਲਗਭਗ ਬੱਚਿਆਂ ਤੇ ਬਾਲਗਾਂ ਨੇ ਹਿੱਸਾ ਲੈਂਦਿਆਂ ਸਿੱਖ ਵਿਦਵਾਨਾਂ ਕੋਲੋਂ ਦੇਗ ਬਨਾਉਣ, ਸਿੱਖ ਇਤਿਹਾਸ, ਸਿੱਖ ਰਹਿਤ ਮਰਿਆਦਾ ਸਮੇਤ ਹੋਰ ਬਹੁਤ ਸਾਰੀ ਅਮੁੱਲੀ ਜਾਣਕਾਰੀ ਹਾਸਲ ਕੀਤੀ। ਭਾਈ ਸਾਹਿਬ ਗੁਰਸ਼ੇਰ ਸਿੰਘ ਵੱਲੋਂ ਬੱਚਿਆਂ ਨੂੰ ਦੁਮਾਲੇ ਅਤੇ ਕੇਸਕੀ ਸਜਾਉਣ ਦੀ ਸਿਖਲਾਈ ਦਿੱਤੀ ਗਈ। ਸ਼ੰਕਾ ਨਵਿਰਤੀ ਲਈ ਗਿਆਨੀ ਸੁਖਰਾਜ ਸਿੰਘ ਵੱਲੋਂ ਹਾਜਰੀਨ ਦੇ ਪੁੱਛੇ ਸਵਾਲਾਂ ਦੇ ਜਵਾਬ ਦਿੱਤੇ ਗਏ। ਸਮਾਗਮ ਦੇ ਦੂਜੇ ਦਿਨ ਇਸੇ ਗੁਰੂਘਰ ਅਧੀਨ ਚਲਦੇ ਸੈਂਟਰਲ ਗੁਰਦੁਆਰਾ ਸਿੰਘ ਸਭਾ ਪੰਜਾਬੀ ਅਕਾਦਮੀ ਸਕੂਲ ਵੱਲੋਂ ਪੰਜਾਬੀ ਦੇ ਇਮਤਿਹਾਨਾਂ ਵਿੱਚ ਵਧੀਆ ਕਾਰਗੁਜ਼ਾਰੀ ਕਰਨ ਵਾਲੇ ਬੱਚਿਆਂ ਨੂੰ ਸਨਮਾਨਤ ਕਰਨ ਹਿਤ ਵਿਸ਼ਾਲ ਸਮਾਗਮ ਦਾ ਆਯੋਜਨ ਕੀਤਾ ਗਿਆ। ਸਕੂਲ ਪ੍ਰਮੁੱਖ ਬੀਬੀ ਅਮਰਜੀਤ ਕੌਰ, ਸਤਬਿੰਦਰ ਕੌਰ ਸੰਧੂ, ਕਮਲਜੀਤ ਕੌਰ, ਪਰਮਜੀਤ ਕੌਰ, ਗੁੰਜਨ ਕੌਰ, ਮਨਪ੍ਰੀਤ ਕੌਰ, ਸੁਰਿੰਦਰ ਕੌਰ ਪੱਡਾ, ਰਵਿੰਦਰ ਸਿੰਘ, ਨਸੀਬ ਸਿੰਘ, ਭੁਪਿੰਦਰ ਕੌਰ, ਸੁਖਜੋਤ ਕੌਰ ਗੋਸਲ, ਸਰਬਜੀਤ ਕੌਰ ਢਿੱਲੋਂ, ਸਰਬਜੀਤ ਕੌਰ ਅਧਿਆਪਕਾਂ ਦੀ ਮਿਹਨਤ ਸਦਕਾ ਏ ਐੱਸ ਲੈਵਲ, ਏ ਲੈਵਲ ਅਤੇ ਜੀ ਸੀ ਐੱਸ ਈ ਪਾਸ ਕਰਨ ਵਾਲੇ ਬੱਚਿਆਂ ਨੂੰ ਸਰਟੀਫਿਕੇਟ ਅਤੇ ਸਨਮਾਨ ਚਿੰਨ੍ਹਾਂ ਨਾਲ ਨਿਵਾਜਿਆ ਗਿਆ। ਸਨਮਾਨ ਸਮਾਰੋਹ ਦੌਰਾਨ ਬੋਲਦਿਆਂ ਸ੍ਰੀਮਤੀ ਅਮਰਜੀਤ ਕੌਰ ਨੇ ਕਿਹਾ ਕਿ ਉਹਨਾਂ ਦੇ ਸਾਰੇ ਸਾਥੀ ਅਧਿਆਪਕਾਂ ਦੀ ਕੋਸ਼ਿਸ਼ ਰਹਿੰਦੀ ਹੈ ਕਿ ਜਿਹੜੇ ਮਾਪੇ ਆਪਣੇ ਕੀਮਤੀ ਸਮੇਂ ?ਚੋਂ ਵਿਹਲ ਕੱਢ ਕੇ ਬੱਚੇ ਉਹਨਾਂ ਕੋਲ ਪੜ੍ਹਨ ਭੇਜਦੇ ਹਨ, ਉਹਨਾਂ ਬੱਚਿਆਂ ਨੂੰ ਪੂਰੀ ਲਗਨ ਨਾਲ ਪੰਜਾਬੀ ਵਿੱਚ ਨਿਪੁੰਨ ਕਰਨ ਲਈ ਪੂਰੀ ਵਾਹ ਲਗਾਈ ਜਾਵੇ। ਇਸੇ ਮਿਹਨਤ ਦਾ ਹੀ ਨਤੀਜ਼ਾ ਹੈ ਕਿ ਸਕੂਲ ਦੇ ਬੱਚਿਆਂ ਨੇ ਇਹਨਾਂ ਇਮਤਿਹਾਨਾਂ ਵਿੱਚ ਮਾਣਮੱਤੀਆਂ ਪ੍ਰਾਪਤੀਆਂ ਦਰਜ਼ ਕੀਤੀਆਂ ਹਨ। ਗੁਰੂਘਰ ਕਮੇਟੀ ਦੇ ਮੁੱਖ ਸੇਵਾਦਾਰਾਂ ਸੁਰਜੀਤ ਸਿੰਘ ਚੌਧਰੀ (ਐੱਮ ਬੀ ਈ), ਨਿਰੰਜਨ ਸਿੰਘ ਬਿਨਿੰਗ, ਗੁਰਨਾਮ ਸਿੰਘ ਧਾਮੀ, ਡਾ: ਇੰਦਰਜੀਤ ਸਿੰਘ, ਮੇਲਾ ਸਿੰਘ ਧਾਮੀ, ਬਲਦੇਵ ਸਿੰਘ ਪੱਡਾ, ਜਸਪਾਲ ਸਿੰਘ ਖਹਿਰਾ, ਪਰਮਜੀਤ ਸਿੰਘ ਸਮਰਾ ਦੀ ਦੇਖਰੇਖ ਹੇਠ ਹੋਏ ਇਹਨਾਂ ਸਮਾਗਮਾਂ ਵਿੱਚ ਭਾਰੀ ਗਿਣਤੀ ਵਿੱਚ ਸੰਗਤਾਂ ਨੇ ਹਿੱਸਾ ਲੈ ਕੇ ਆਨੰਦ ਮਾਣਿਆ।

